ਸਭ ਹੱਕ ਰਾਖਵੇਂ ਹਨ ।

੧ ਓ ਸਤਿਗੁਰਪ੍ਰਸਾਦਿ ॥

੧. ਸੰਮਤ

ਨੰ: ੧੦੫੧

G.521

ਸ੍ਰੀ

# ਜਾਪੁ ਸਾਹਿਬ

## ਸ੍ਰੀ ਮੁਖਵਾਕ ਪਾਤਸ਼ਾਹੀ ੧੦

ਅਰਥਾਂ ਸਣੇ

ਜਿਸ ਨੂੰ

ਪੰਥ ਦੇ ਲਾਭ ਹਿਤ

## ਖਾਲਸਾ ਟ੍ਰੈਕਟ ਸੁਸਾਇਟੀ

ਅੰਮ੍ਰਿਤਸਰ

ਲਈ

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਸ: ਭੁਪਿੰਦਰ ਸਿੰਘ ਬੀ. ਏ. ਐਲਐਲ. ਬੀ. ਪ੍ਰਿੰਟਰ ਦੇ ਯਤਨ ਨਾਲ ਛਾਪਿਆ ਅਤੇ ਦਫਤ੍ਰ ਖਾਲਸਾ ਟ੍ਰੈਕਟ ਸੁਸਾਇਟੀ ਅਮ੍ਰਿਤਸਰ ਕਟੜਾ ਸ਼ੇਰ ਸਿੰਘ ਤੋਂ ਸ: ਅਨੋਖ ਸਿੰਘ ਬੀ. ਏ ਪਬਲਿਸ਼ਰ ਨੇ ਉਕਤ ਸੁਸਾਇਟੀ ਲਈ ਪਬਲਿਸ਼ (ਪ੍ਰਕਾਸ਼ਤ) ਕੀਤਾ ।

ਮਾਰਚ ੧੯੪੩ ਮੋਖ ।)

Anarkali, Lahore

ਇਹ ਟ੍ਰੈਕਟ ਸਹਾਇਕਾਂ ਦੀ
ਸੇਵਾ ਵਿਚ ਮੁਫਤ ਭੇਟਾ ਹੈ।

## ਸੂਚਨਾ

29651

੧. ਸੰਮਤ ੧੯੫੨ ਬਿ: ਵਿਚ ਅੰਮ੍ਰਿਤਸਰ ਵਿਚ ਪੰਥ ਦੇ ਗਿਆਨੀਆਂ ਦੀ ਇਕ ਸਭਾ ਦਸਮ ਗ੍ਰੰਥ ਦੀ ਸੁਧਾਈ ਵਾਸਤੇ ਬੈਠੀ ਸੀ। ਕਈ ਟਿਕਾਣਿਆਂ ਤੋਂ ਦਸਮ ਗ੍ਰੰਥ ਇਕੱਠੇ ਕਰਕੇ ਤੇ ਕਈ ਮਹੀਨੇ ਲਾਕੇ ਫਿਰ ਸੁੱਧ ਚੁਕੇ ਨੂੰ ਛਾਪਿਆ ਗਿਆ ਸੀ। ਉਸ ਦਸਮ ਗ੍ਰੰਥ ਨਾਲ ਇਸ ਟੀਕੇ ਦੇ ਪਾਠ ਸੋਧੇ ਗਏ ਹਨ।

੨. ਐਤਕੀ ਪਾਠਕਾਂ ਦੇ ਸੁਖੇਨ ਵਾਸਤੇ ਇਹ ਵਿਉਂਤ ਕੀਤੀ ਗਈ ਹੈ ਕਿ ਹਰ ਸਫੇ ਦੇ ਦੋ ਹਿੱਸੇ (ਯਾ ਕਾਲਮ) ਕਰ ਦਿੱਤੇ ਹਨ। ਪਹਿਲੇ ਵਿਚ ਮੂਲ ਪਾਠ ਹੈ, ਦੂਜੇ ਵਿਚ ਉਸਦੇ ਸਾਹਮਣੇ ਟੀਕਾ ਹੈ। ਮੂਲ ਪਾਠ ਨਿਰਾ ਕਰਨਾ ਹੋਵੇ ਤਾਂ ਪਹਿਲਾ ਕਾਲਮ ਪੜ੍ਹੀ ਜਾਓ ਤੇ ਜੇ ਅਰਥ ਵੀਚਾਰਨੇ ਹੋਣ ਤਾਂ ਦੂਜੇ ਕਾਲਮ ਵਿਚ ਦੇਖ ਲਓ।

ਪ੍ਰਾਰਥਿਕ–ਸਕੱਤ੍ਰ

੧ ੴ ਸਤਿਗੁਰਪ੍ਰਸਾਦਿ ॥

# ਜਾਪੁ

ਅਰਥ–ਬਾਣੀ ਦਾ ਨਾਮ ਹੈ, ਆਮ ਬੋਲ ਚਾਲ ਵਿਚ 'ਜਾਪੁਜੀ' ਹੈ. ਜਿਸ ਵਿਚ ਵਾਹਿਗੁਰੂ ਸਿਮਰਣ ਲਈ ਨਾਮ ਤੇ ਮਹਿਮਾ ਹੈਨ।

ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥

ਅਰਥ–ਉਚਾਰਿਆ ਹੋਇਆ ਗੁਰੂ ਗੋਬਿੰਦ ਸਿੰਘ ਜੀ ਦਾ।

ਛਪੈ ਛੰਦ ਤ੍ਵਪ੍ਰਸਾਦਿ ॥

ਨਾਮ ਹੈ ਛੰਦ ਦਾ। ਤੇਰੀ (ਈਸ਼੍ਵਰ ਦੀ) ਕ੍ਰਿਪਾ (ਨਾਲ)।

| | |
|---|---|
| ਚੱਕ੍ਰ ਚਿਹਨ* ਅਰ ਬਰਨ ਜਾਤਿ ਅਰ ਪਾਤਿ ਨਹਿਨ ਜਿਹ॥ | ਫਿਰਨਾ, ਨਿਸ਼ਾਨੀ ਅਤੇ ਰੰਗ ਜਾਤ ਅਤੇ ਫਿਰਕਾ ਨਹੀਂ ਹੈ ਜਿਸ ਦਾ। |
| ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥ | ਸ਼ਕਲ ਰੰਗ ਅਤੇ ਲਕੀਰ ਲਿਬਾਸ ਕੋਈ ਆਖ ਨਹੀਂ ਸਕਦਾ(ਕਿ) ਕਿਹੋ ਜਿਹਾ ਹੈ। |
| ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ ॥ | ਨਹੀਂ ਚਲਾਇਮਾਨ ਸਰੂਪ (ਜਿਸਦਾ)। ਆਪ ਤੋਂ ਹੋਣ ਵਾਲਾ ਹੈ ਨੂਰ(ਜਿਸਦਾ ਤੇ) |

*ਚਿਹਨ ਚੱਕ੍ਰ ਦਾ ਭਾਵ ਭੇਖ ਨਿਸ਼ਾਨੀ ਜਾਂ ਲੱਛਣਾਂ ਤੋਂ ਬੀ ਹੁੰਦਾ ਹੈ।



| | |
|---|---|
| | ਗਿਣਤੀਓਂ ਬਾਹਰ ਬਲ ਕਿਹਾ ਜਾਂਦਾ ਹੈ(ਜਿਸਦਾ)। |
| ਕੋਟਿ ਇੰਦ੍ਰ*ਇੰਦ੍ਰਾਣ ਸਾਹ ਸਾਹਾਣ ਗਣਿੱਜੈ ॥ | ਕ੍ਰੋੜਾਂ ਇੰਦ੍ਰਾਂ ਦਾ ਇੰਦ੍ਰ (ਤੇ) ਪਾਤਸ਼ਾਹਾਂ (ਦਾ) ਪਾਤਸ਼ਾਹ ਗਿਣਿਆਂ ਜਾਂਦਾ ਹੈ। |
| ਤ੍ਰਿਭਵਣ† ਮਹੀਪ‡ ਸੁਰਨਰ ਅਸੁਰ ਨੇਤਿ ਨੇਤਿ ਬਣ ਤ੍ਰਿਣ ਕਹਤ§ ॥ | ਤਿੰਨਾਂ ਲੋਕਾਂ (ਦਾ) ਰਾਜਾ ਹੈ, (ਜਿਸ ਨੂੰ) ਦੇਵਤੇ ਮਨੁੱਖ ਰਾਖਸ਼ ਤੇ ਬ੍ਰਿੱਛ(ਬੂਟੇ) ਘਾਹ (ਆਦਿ) 'ਨਹੀਂ ਹੈ ਏਹ'। 'ਨਹੀਂ ਹੈ ਏਹ' ਆਖਦੇ ਹਨ। |
| ਤਵ ਸਰਬ ਨਾਮ ਕੱਥੈ ਕਵਨ ਕਰਮ ਨਾਮ ਬਰਨਤ ਸੁਮਤਿ।੧। | ਤੇਰੇ ਸਾਰੇ ਨਾਵਾਂ(ਦਾ ਵੇਰਵਾ) ਆਖੇ ਕੌਣ? ਕੰਮ (ਤੋਂ ਜੋ) ਨਾਉਂ ਬਣੇ (ਹਨ) ਵਰਣਨ (ਕਰਦੇ ਹਨ) ਬੁਧਿਮਾਨ। |

ਭੁਜੰਗ ਪ੍ਰਯਾਤ ਛੰਦ

(ਨਾਮ ਛੰਦ ਦਾ)

| | |
|---|---|
| ਨਮਸਤ੍ਵੰ ਅਕਾਲੇ ॥ | ਨਮਃ ਹੈ ਤੈਨੂੰ ਹੇ ਸਮੇਂ ਤੋਂ ਰਹਿਤ। |
| ਨਮਸਤ੍ਵੰ ਕ੍ਰਿਪਾਲੇ ॥ | ਨਮਸਕਾਰ ਹੈ ਤੈਨੂੰ ਹੇ ਕ੍ਰਿਪਾਲੂ। |

*ਪ੍ਰਤਾਪ ਵਾਲਾ। †ਆਕਾਸ, ਪ੍ਰਿੱਥਵੀ, ਪਾਤਾਲ। ‡ਪ੍ਰਿੱਥਵੀ ਦਾ ਪਾਲਕ। §ਭਾਵ–ਦੇਵਤੇ ਤੋਂ ਘਾਸ ਤੀਕ ਸਭ ਆਖਦੇ ਹਨ ਕਿ ਪਰਮੇਸ਼ੁਰ ਬੇਅੰਤ ਹੈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.